Washington State Department of Social & Health Services
Transforming lives

ਮਹੱਤਵਪੂਰਨ: ਤੁਹਾਡੀਆਂ ਸੇਵਾਵਾਂ ਬਾਰੇ ਸਮੇਂ ਦੀ ਪ੍ਰਤੀ ਸੰਵੇਦਨਸ਼ੀਲ ਜਾਣਕਾਰੀ।

HOME AND COMMUNITY SERVICES (HCS)
AREA AGENCY ON AGING (AAA)

# ਮੈਡੀਕੇਡ (Medicaid) ਟ੍ਰਾਂਸਫਾਰਮੇਸ਼ਨ ਪ੍ਰੋਜੈਕਟ ਸੇਵਾ ਬਾਰੇ ਨੋਟਿਸ

## Medicaid Transformation Project Service Notice

**Client Name and Address** ਨੋਟਿਸ ਦੀ ਮਿਤੀ:

### ਸੇਵਾਵਾਂ ਦਾ ਸਾਰ

ਇਹ ਨੋਟਿਸ ਤੁਹਾਨੂੰ ਤੁਹਾਡੀਆਂ ਸੇਵਾਵਾਂ ਬਾਰੇ ਦੱਸਦਾ ਹੈ। ਇਹ ਤੁਹਾਨੂੰ ਅਪੀਲ ਕਰਨ ਦੇ ਤੁਹਾਡੇ ਹੱਕਾਂ ਬਾਰੇ ਵੀ ਦੱਸਦਾ ਹੈ।

ਹੇਠਾਂ ਦਿੱਤੇ ਵੇਰਵੇ ਪੜ੍ਹੋ। ਤੁਹਾਨੂੰ ਕਾਰਵਾਈ ਕਰਨ ਦੀ ਜ਼ਰੂਰਤ ਪੈ ਸਕਦੀ ਹੈ।

ਤੁਹਾਡੀਆਂ ਸੇਵਾਵਾਂ ਜਾਂ ਸੇਵਾਵਾਂ ਲਈ ਬੇਨਤੀ ਬਾਰੇ AAA ਹੇਠਾਂ ਦਿੱਤੀਆਂ ਕਾਰਵਾਈਆਂ ਕਰ ਰਿਹਾ ਹੈ। ਹੇਠਾਂ ਦਿੱਤੀਆਂ ਕਾਰਵਾਈਆਂ ਤੋਂ ਲਾਗੂ ਹੋਣਗੀਆਂ, ਇਸਦੇ ਰਾਹੀਂ ।

| ਕਦਮ | ਪ੍ਰੋਗਰਾਮ | ਕਾਰਵਾਈ | ਯੂਨਿਟ | ਰਕਮ |
|---|---|---|---|---|
| | | | | |
| | | | | |
| | | | | |
| | | | | |

ਇਹ ਕਾਰਵਾਈ ਹੇਠਾਂ ਅਥਾਰਟੀ ਦੇ ਅਨੁਸਾਰ ਕੀਤੀ ਜਾ ਰਹੀ ਹੈ:

WAC 388-106-19________________

ਹੋਰ: ________________________________________

**ਜੇਕਰ ਤੁਸੀਂ ਇਸ ਕਾਰਵਾਈ ਦੇ ਨਾਲ ਸਹਿਮਤ ਨਹੀਂ ਹੋ ਅਤੇ ਅਪੀਲ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਇਹ ਜਾਣਨ ਦੀ ਲੋੜ ਹੈ:**

- ਕੋਈ ਪ੍ਰਬੰਧਕੀ ਕਾਨੂੰਨੀ ਜੱਜ ਤੁਹਾਡੀ ਅਪੀਲ 'ਤੇ ਸੁਣਵਾਈ ਕਰੇਗਾ।
- ਤੁਹਾਡੇ ਕੋਲ ਇਸ ਫੈਸਲੇ ਬਾਰੇ ਅਪੀਲ ਕਰਨ ਲਈ ਇਸ ਨੋਟਿਸ ਦੀ ਮਿਤੀ ਤੋਂ 90 ਦਿਨ ਹਨ।
- ਤੁਸੀਂ ਆਪਣੇ ਕੇਸ ਮੈਨੇਜਰ ਦੇ ਨਾਲ ਸੰਪਰਕ ਕਰਕੇ ਸੁਣਵਾਈ ਲਈ ਬੇਨਤੀ ਕਰ ਸਕਦੇ ਹੋ। ਉਹ ਅਪੀਲ ਪ੍ਰਕਿਰਿਆ ਦੇ ਬਾਰੇ ਹੋਰ ਜਾਣਕਾਰੀ ਵੀ ਪ੍ਰਦਾਨ ਕਰ ਸਕਦੇ ਹਨ।

### ਅਪੀਲਾਂ ਬਾਰੇ ਜਾਣਕਾਰੀ

**ਜੇਕਰ ਮੈਂ ਕਿਸੀ ਸੇਵਾ ਦੀ ਸਮਾਪਤੀ ਲਈ ਜਾਂ ਕਟੌਤੀ ਵਾਸਤੇ ਅਪੀਲ ਕਰਦਾ ਹਾਂ ਅਤੇ ਮੈਂ ਸੁਣਵਾਈ ਗੁਆ ਜਾਂਦਾ ਹਾਂ, ਤਾਂ ਕੀ ਮੈਨੂੰ ਇਸਦੀ ਕੋਈ ਲਾਗਤ ਦੇਣੀ ਪੈ ਸਕਦੀ ਹੈ?**

- ਸੁਣਵਾਈ ਦੇ ਫੈਸਲੇ ਦੀ ਉਡੀਕ ਕਰਦੇ ਹੋਏ, ਤੁਹਾਨੂੰ ਪ੍ਰਾਪਤ ਸੇਵਾਵਾਂ ਦੀ ਲਾਗਤ DSHS ਨੂੰ ਵਾਪਸ ਕਰਨੀ ਪੈ ਸਕਦੀ ਹੈ। ਇਹ ਰਕਮ DSHS ਦੀ 60 ਦਿਨਾਂ ਦੀਆਂ ਸੇਵਾਵਾਂ ਦੀ ਲਾਗਤ ਤੋਂ ਵੱਧ ਨਹੀਂ ਹੋ ਸਕਦੀ।
- ਮੈਡੀਕਲ ਲਾਭਾਂ ਬਾਰੇ ਵਿਸ਼ੇਸ਼ ਨੋਟ: ਜੇਕਰ ਇਹ ਸੇਵਾਵਾਂ ਮੈਡੀਕਲ ਲਾਭਾਂ ਦੇ ਖਤਮ ਹੋਣ ਕਰਕੇ ਸਮਾਪਤ ਹੋ ਰਹੀਆਂ ਹਨ, ਤਾਂ ਤੁਹਾਨੂੰ ਤੁਹਾਡੀਆਂ ਮੈਡੀਕਲ ਸੇਵਾਵਾਂ ਦੇ ਖਤਮ ਹੋਣ ਦੇ ਦਿਨ ਤੋਂ DSHS ਨੂੰ ਅਦਾਇਗੀ ਸੇਵਾਵਾਂ ਦਾ ਵਾਪਸੀ ਭੁਗਤਾਨ ਕਰਨਾ ਪੈ ਸਕਦਾ ਹੈ।

**ਸੁਣਵਾਈ ਤੋਂ ਪਹਿਲਾਂ ਅਤੇ ਉਸਦੇ ਦੌਰਾਨ ਮੇਰੇ ਕੀ ਹੱਕ ਹਨ?**

- ਤੁਸੀਂ ਕਿਸੇ ਹੋਰ ਵਿਅਕਤੀ ਦੇ ਰਾਹੀਂ ਆਪਣੀ ਨੁਮਾਇੰਦਗੀ ਕਰਵਾ ਸਕਦੇ ਹੋ।
- DSHS ਤੋਂ ਕੋਈ ਵੀ ਤੁਹਾਡੀ ਪ੍ਰਤੀਨਿਧਤਾ ਨਹੀਂ ਕਰ ਸਕਦਾ।
- ਮੁਫ਼ਤ ਕਾਨੂੰਨੀ ਮਦਦ ਵੀ ਉਪਲਬਧ ਹੋ ਸਕਦੀ ਹੈ। ਹੋਰ ਜਾਣਕਾਰੀ ਲਈ 1-888-201-1014 'ਤੇ ਕਾੱਲ ਕਰੋ।
- DSHS ਤੁਹਾਡੀ ਨੁਮਾਇੰਦਗੀ ਕਰਨ ਵਾਲੇ ਕਿਸੇ ਵਿਅਕਤੀ ਨੂੰ ਕੋਈ ਭੁਗਤਾਨ ਨਹੀਂ ਦੇਵੇਗਾ।
- ਤੁਸੀਂ ਆਪਣੀ DSHS ਫਾਈਲ ਨੂੰ ਦੇਖ ਸਕਦੇ ਹੋ। ਜੇਕਰ ਤੁਸੀਂ ਮੰਗਦੇ ਹੋ ਤਾਂ ਤੁਹਾਡੇ ਕੋਲ ਤੁਹਾਡੀ DSHS ਫਾਈਲ ਦੀਆਂ ਮੁਫ਼ਤ ਕਾਪੀਆਂ ਵੀ ਹੋ ਸਕਦੀਆਂ ਹਨ।
- DSHS ਤੁਹਾਨੂੰ ਦੂਜੇ ਗਾਹਕਾਂ ਦੀ ਨਿੱਜੀ ਜਾਣਕਾਰੀ ਨਹੀਂ ਦੇ ਸਕਦਾ ਹੈ।
- ਕਈ ਵਾਰ DSHS ਤੁਹਾਨੂੰ ਉਹ ਜਾਣਕਾਰੀ ਵੀ ਨਹੀਂ ਦੇ ਸਕਦਾ ਹੈ ਜੋ ਕਾਨੂੰਨ ਦੁਆਰਾ ਸੁਰੱਖਿਅਤ ਹੁੰਦੀ ਹੈ।
- ਤੁਹਾਨੂੰ DSHS ਦੁਆਰਾ ਫੈਸਲਾ ਲੈਣ ਲਈ ਵਰਤੀ ਜਾਣ ਵਾਲੀ ਸਾਰੀ ਜਾਣਕਾਰੀ ਦੀਆਂ ਕਾਪੀਆਂ ਵੀ ਪ੍ਰਾਪਤ ਹੋਣਗੀਆਂ।
- ਤੁਸੀਂ ਜੱਜ ਨੂੰ ਤੁਹਾਡੇ ਕੋਲ ਮੌਜੂਦ ਕਿਸੇ ਵੀ ਦਸਤਾਵੇਜ਼ ਨੂੰ ਵੇਖਣ ਲਈ ਬੇਨਤੀ ਕਰ ਸਕਦੇ ਹੋ।
- ਤੁਸੀਂ ਸੁਣਵਾਈ 'ਤੇ ਗਵਾਹੀ ਵੀ ਦੇ ਸਕਦੇ ਹੋ।
- ਤੁਸੀਂ ਸੁਣਵਾਈ ਦੇ ਦੌਰਾਨ ਗਵਾਹਾਂ ਦੀ ਗਵਾਹੀ ਕਰਵਾ ਸਕਦੇ ਹੋ।
- ਤੁਸੀਂ DSHS ਗਵਾਹਾਂ ਤੋਂ ਸੁਆਲ ਵੀ ਪੁੱਛ ਸਕਦੇ ਹੋ।

| ਕੇਸ ਮੈਨੇਜਰ ਦਾ ਨਾਂ | ਟੈਲੀਫੋਨ ਨੰਬਰ | ਈਮੇਲ ਪਤਾ |
|---|---|---|
| | ( ) | |
| ਕੇਸ ਮੈਨੇਜਰ ਦਾ ਪਤਾ | | |